# ਲਿਬਰਲ ਜਮਹੂਰੀਅਤ ਕਿ ਪਰਜਾ ਰਾਜ

ਡੈਮੋਕ੍ਰੇਸੀ ਜਾਂ ਜਮਹੂਰੀਅਤ ਅੱਜ ਕੱਲ ਇਕ ਬਹੁਤ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਜਾਰਜ ਬੁਸ਼, ਟੋਨੀ ਬਲੇਅਰ, ਮਨਮੋਹਨ ਸਿੰਘ, ਅਤੇ ਹਾਕਮ ਜਮਾਤਾਂ ਦੇ ਰਾਖੇ ਹੋਰ ਹਰ ਰੰਗ ਦੇ ਸਿਆਸਤਦਾਨ ਅਤੇ ਸਿਆਸੀ ਪਾਰਟੀਆਂ ਇਸ ਡੈਮੋਕ੍ਰੇਸੀ ਦਾ ਨਾਮ ਜਪਣਾ ਅਤੇ ਇਹਦੀ ਰਾਖੀ ਦੀਆਂ ਕਸਮਾਂ ਖਾਣੀਆਂ ਆਪਣਾ ਪਵਿਤਰ ਫ਼ਰਜ਼ ਸਮਝਦੇ ਹਨ। ਜਦੋਂ ਵੀ ਇਨ੍ਹਾਂ ਦੇ ਮੂਹੋਂ ਕੋਈ ਬਿਆਨ ਨਿਕਲਦਾ ਹੈ ਤਾਂ ਡੈਮੋਕ੍ਰੇਸੀ ਦੀ ਗੱਲ ਪਹਿਲਾਂ ਮੂੰਹੋਂ ਨਿਕਲਦੀ ਹੈ। ਲਿਬਰਲ ਡੈਮੋਕ੍ਰੇਸੀ ਨਾਲ ਇਹ ਸਿਰਫ਼ ਆਪਣੇ ਮੁਲਕਾਂ ਵਿਚ ਹੀ ਸੰਤੁਸ਼ਟ ਨਹੀਂ ਬਲਕਿ ਇਸੇ ਤਰ੍ਹਾਂ ਦੀ ਲਿਬਰਲ ਡੈਮੋਕ੍ਰੇਸੀ ਇਹ ਸਾਰੀ ਦੁਨੀਆ ਵਿਚ ਫੈਲਾਉਣਾ ਚਾਹੁੰਦੇ ਹਨ। ਇਨ੍ਹਾਂ ਦੀ ਗੱਲਬਾਤ ਅਤੇ ਬਿਆਨਬਾਜ਼ੀ ਤੋਂ ਆਮ ਬੰਦੇ ਨੂੰ ਭੁਲੇਖਾ ਪੈ ਸਕਦਾ ਹੈ ਕਿ ਇਹ ਵਾਕਿਆ ਹੀ ਲੋਕਾਂ ਦੇ ਬੜੇ ਹਮਦਰਦ ਹਨ ਅਤੇ ਲੋਕਾਂ ਦੇ ਹੱਕਾਂ ਦੇ ਘੁਲਾਟੀਏ ਹਨ ਤੇ ਲਿਬਰਲ ਡੈਮੋਕ੍ਰੇਸੀ ਸ਼ਾਇਦ ਬੜੇ ਕੰਮ ਦੀ ਚੀਜ਼ ਹੈ। ਪਰ ਅਸਲੀਅਤ ਕੁਝ ਹੋਰ ਹੈ।

ਨੁਮਾਇੰਦਿਆਂ ਉੱਤੇ ਅਧਾਰਤ ਜਿਸ ਲਿਬਰਲ ਡੈਮੋਕ੍ਰੇਸੀ ਦੀ ਗੱਲ ਹਾਕਮ ਜਮਾਤਾਂ ਦੇ ਸਾਰੇ ਰੰਗਾਂ ਦੇ ਸਿਆਸਤਦਾਨ ਕਰਦੇ ਹਨ ਇਹਦਾ ਜਨਮ ਯੂਰਪ ਵਿਚ ਹੋਇਆ ਸੀ। ਯੂਰਪ ਵਿਚ ਇਹ ਜਮਹੂਰੀਅਤ ਅਤੇ ਇਹਦੇ ਅਦਾਰੇ ਸਰਮਾਏਦਾਰੀ ਵਰਗ ਨੇ ਆਪਣੇ ਹਿਤਾਂ ਦੀ ਰਾਖੀ ਲਈ ਬਣਾਏ ਸਨ ਅਤੇ ਜਿਹਦਾ ਮੰਤਵ ਰਾਜ ਦੀ ਤਾਕਤ ਸਰਮਾਏਦਾਰਾਂ ਦੇ ਹੱਥ ਦੇਣਾ ਅਤੇ ਦੇਈ ਰੱਖਣਾ ਸੀ। ਬਾਅਦ ਵਿਚ ਇਹੋ ਜਮਹੂਰੀਅਤ ਅਮਰੀਕਾ ਵਿਚ ਵੀ ਕਾਇਮ ਕੀਤੀ ਗਈ। ਯੂਰਪ ਵਿਚ ਰਜਵਾੜੇਸ਼ਾਹੀ ਅਤੇ ਚਰਚ ਦੀ ਤਾਕਤ ਖ਼ਤਮ ਕਰਕੇ ਸਰਮਾਏਦਾਰਾਂ ਨੇ ਰਾਜ ਆਪਣੇ ਹੱਥ ਵਿਚ ਲੈ ਲਿਆ ਅਤੇ ਆਮ ਲੋਕਾਂ ਨੂੰ ਰਾਜਸੀ ਤਾਕਤ ਤੋਂ ਦੂਰ ਰੱਖਿਆ। ਯੂਰਪ ਅਤੇ ਅਮਰੀਕਾ ਵਿਚ ਰਾਜ ਤੰਤ੍ਰ ਅਤੇ ਸਿਆਸੀ ਤਾਕਤ ਅੱਜ ਤੱਕ ਵੀ ਸਭ ਤੋਂ ਵਡੇ ਸਰਮਾਏਦਾਰਾਂ ਅਤੇ ਅਜਾਰੇਦਾਰਾਂ ਦੇ ਹੱਥ ਵਿਚ ਹੀ ਹੈ। ਸਰਮਾਏਦਾਰਾਂ ਦੀ ਕਾਇਮ ਕੀਤੀ ਜਮਹੂਰੀਅਤ ਵਿਚ ਸ਼ੁਰੂ ਵਿਚ ਵੋਟ ਪਾਉਣ ਦਾ ਹੱਕ ਅਤੇ ਚੋਣਾਂ ਵਿਚ ਖੜੇ ਹੋਣ ਦਾ ਹੱਕ ਸਿਰਫ਼ ਉਨ੍ਹਾਂ ਬੰਦਿਆਂ ਨੂੰ ਸੀ ਜਿਨ੍ਹਾਂ ਕੋਲ ਜਾਇਦਾਦ ਸੀ। ਜਾਇਦਾਦ ਹੀਣ ਆਮ ਲੋਕਾਂ ਨੂੰ ਚੋਣਾਂ ਵਿਚ ਖੜੇ ਹੋਣ ਜਾਂ ਵੋਟ ਪਾਉਣ ਦਾ ਕੋਈ ਹੱਕ ਨਹੀਂ ਸੀ। ਮਿਸਾਲ ਦੇ ਤੌਰ ਤੇ ਅਮਰੀਕਨ ਇਨਕਲਾਬ ਦੇ ਬਾਅਦ ਵੀ ਅਮਰੀਕਾ ਵਿਚ ਜਾਇਦਾਦ ਹੀਣ ਆਦਮੀਆਂ, ਔਰਤਾਂ, ਜੱਦੀ (ਨੇਟੀਵ) ਲੋਕਾਂ ਅਤੇ ਗੁਲਾਮਾਂ ਨੂੰ ਵੋਟ ਪਾਉਣ ਦਾ ਜਾਂ ਚੋਣਾਂ ਵਿਚ ਹਿੱਸਾ ਲੈਣ ਦਾ ਕੋਈ ਹੱਕ ਨਹੀਂ ਸੀ। ਇਸ ਤਰ੍ਹਾਂ ਸ਼ਹਿਰੀ ਵਸੋਂ ਦੀ ਸਿਰਫ਼ 2% ਅਤੇ ਦੂਸਰੇ ਇਲਾਕਿਆਂ ਵਿਚ ਵਸੋਂ ਦੇ 8% ਲੋਕਾਂ ਨੂੰ ਹੀ ਵੋਟ ਪਾਉਣ ਤੇ ਚੋਣਾਂ ਵਿਚ ਖੜੇ ਹੋਣ ਦਾ ਹੱਕ ਹਾਸਲ ਸੀ। ਆਮ ਲੋਕਾਂ ਅਤੇ ਮਿਹਨਤਕਸ਼ਾਂ ਨੂੰ ਇਹ ਹੱਕ ਨਹੀਂ ਸੀ। ਪਰ ਫੇਰ ਵੀ ਸਰਮਾਏਦਾਰ ਅਤੇ ਹੋਰ ਜਿਨ੍ਹਾਂ ਕੋਲ ਜਾਇਦਾਦ ਜਾਂ ਪੈਸਾ ਸੀ ਉਹ ਇਹ ਨਾਅਰੇ ਲਾਉਂਦੇ ਨਹੀਂ ਸੀ ਹਟਦੇ ਕਿ ਇਹ ਜਮਹੂਰੀਅਤ ਸਾਰੇ ਹੀ ਲੋਕਾਂ ਲਈ ਹੈ ਅਤੇ ਇਹ ਰਾਜ ਤੰਤ੍ਰ ਲੋਕਾਂ ਦੀ ਰਜ਼ਾਮੰਦੀ ਨਾਲ ਹੀ ਰਾਜ ਕਾਜ ਚਲਾਉਂਦਾ ਹੈ।

ਮਜ਼ਦੂਰ ਜਮਾਤ, ਕਿਸਾਨ, ਔਰਤਾਂ ਅਤੇ ਦਬੇ ਕੁਚਲੇ ਲੋਕਾਂ ਦੀ ਲੰਬੀ ਜੱਦੋ-ਜਹਿਦ ਦੇ ਸਦਕਾ ਹੋਰਨਾਂ ਲੋਕਾਂ ਨੇ ਵੀ ਵੋਟ ਪਾਉਣ ਦਾ ਹੱਕ ਜਿਤਿਆ। ਮਿਸਾਲ ਦੇ ਤੌਰ ਤੇ ਅਮਰੀਕਾ ਵਿਚ ਔਰਤਾਂ ਨੂੰ ਵੋਟ ਪਾਉਣ ਦਾ ਹੱਕ 1919 ਵਿਚ ਜਾ ਕੇ ਮਿਲਿਆ ਅਤੇ ਸਵਿਟਜ਼ਰਲੈਂਡ ਵਿਚ ਔਰਤਾਂ ਨੂੰ ਇਹ ਹੱਕ 1983 ਵਿਚ ਹੀ ਮਿਲਿਆ ਸੀ। ਅਮਰੀਕਾ ਵਿਚ ਅਫ਼ਰੀਕਨ ਮੂਲ ਦੇ ਲੋਕਾਂ ਨੂੰ ਇਹ ਹੱਕ ਇਕ ਬਹੁਤ ਹੀ ਵੱਡੀ ਜੱਦੋ-ਜਹਿਦ ਬਾਅਦ 1964 ਵਿਚ ਜਾ ਕੇ ਹਾਸਿਲ ਹੋਇਆ। ਲੋਕਾਂ ਦੀਆਂ ਜਦੋਜਹਿਦਾਂ ਅਤੇ ਕੁਰਬਾਨੀਆਂ ਦੇ ਬਾਅਦ ਉਨ੍ਹਾਂ ਨੇ ਵੋਟ ਪਾਉਣ ਅਤੇ ਚੋਣਾਂ ਦਾ ਹੱਕ ਤਾਂ ਹਾਸਲ ਕਰ ਲਿਆ ਪਰ ਸਿਆਸੀ ਤਾਕਤ ਅਤੇ ਰਾਜ ਤੰਤ੍ਰ ਵੱਡੇ ਸਰਮਾਏਦਾਰਾਂ ਅਤੇ ਅਜਾਰੇਦਾਰਾਂ ਦੇ ਹੱਥ ਵਿਚ ਹੀ ਰਹੇ। ਉਨ੍ਹਾਂ ਨੇ ਇਹ ਰਾਜ ਤੰਤ੍ਰ ਲੋਕਾਂ ਦੇ ਕੁਦਰਤੀ ਅਤੇ ਮਨੁੱਖੀ ਸੋਮਿਆਂ ਨੂੰ ਲੁੱਟਣ ਲਈ ਅਤੇ ਉਨ੍ਹਾਂ ਦੀ ਹੱਕਾਂ ਦੀ ਅਤੇ ਉਨ੍ਹਾਂ ਦੀ ਆਜ਼ਾਦੀ ਦੀ ਜੱਦੋ-ਜਹਿਦ ਨੂੰ ਗੋਲੀ ਸਿੱਕੇ ਨਾਲ ਕੁਚਲਣ ਲਈ ਵਰਤਿਆ। ਮਿਸਾਲ ਦੇ ਤੌਰ ਤੇ ਅਮਰੀਕਾ ਵਿਚ 1864 ਤੋਂ ਲੈ ਕੇ 1905 ਤਕ ਅਮਰੀਕਨ ਰਾਜ ਤੰਤ੍ਰ ਨੇ 8-10 ਕਰੋੜ ਜੱਦੀ ਪੁਸ਼ਤੀ ਦੇਸੀ ਲੋਕਾਂ ਦਾ ਕਤਲ ਕੀਤਾ ਅਤੇ ਉਨ੍ਹਾਂ ਦੀ ਨਸਲਕੁਸ਼ੀ ਕੀਤੀ। ਇਸੇ ਤਰਾਂ ਅਫ਼ਰੀਕਾ ਤੋਂ ਲਿਆਂਦੇ ਹੋਏ ਗੁਲਾਮ ਵੀ ਇਸ ਲਿਬਰਲ ਡੈਮੋਕ੍ਰੇਸੀ ਤਹਿਤ ਮਿਲੀਅਨਾ ਦੀ ਗਿਣਤੀ ਵਿਚ ਮੌਤ ਦੇ ਹਵਾਲੇ ਕੀਤੇ ਗਏ। ਹਿੰਦੁਸਤਾਨ ਵਿਚ ਅੰਗਰੇਜ਼ ਸਾਮਰਾਜੀਆਂ ਨੇ ਹਿੰਦੁਸਤਾਨ ਦੀ ਆਜ਼ਾਦੀ ਦੀ ਲਹਿਰ ਵਿਚ ਫੁਟ ਪਾਕੇ ਇਹਨੂੰ ਕੁਰਾਹੇ ਪਾਉਣ ਲਈ ਅਤੇ ਆਪਣਾ ਰਾਜ ਪੱਕਾ ਕਰਨ ਲਈ ਲਿਬਰਲ ਡੈਮੋਕ੍ਰੇਸੀ ਦਾ ਆਸਰਾ ਲੈਂਦੇ ਹੋਏ ਚੋਣਾਂ ਵਿਚ ਖੜੇ ਹੋਣ ਅਤੇ ਵੋਟ ਦਾ ਹੱਕ ਸਿਰਫ਼ ਚੋਣਵੇਂ ਲੋਕਾਂ ਨੂੰ ਹੀ ਦਿਤਾ ਜਿਹਦਾ ਅਧਾਰ ਮਜ਼ਹਬ ਅਤੇ ਜਾਇਦਾਦ ਸੀ

ਚੋਣਾਂ ਵਿਚ ਹੇਰਾ ਫੇਰੀਆਂ, ਵੋਟਰ ਲਿਸਟਾਂ ਤੋਂ ਲੋਕਾਂ ਦੇ ਨਾਮ ਗਾਇਬ ਕਰਨਾ, ਚੋਣਾਂ ਵਿਚ ਪੈਸੇ ਨਾਲ ਵੋਟਾਂ ਖਰੀਦਣਾ, ਵੋਟਰਾਂ ਅਤੇ ਵਿਰੋਧੀਆਂ ਨੂੰ ਧਮਕੀਆਂ ਦੇਣਾ ਪਹਿਲਾਂ ਤੋਂ ਹੀ ਇਸ ਲਿਬਰਲ ਡੈਮੋਕ੍ਰੇਸੀ ਦੀਆਂ ਸਿਫ਼ਤਾਂ ਹਨ। ਮਿਸਾਲ ਦੇ ਤੌਰ ਤੇ ਅਮਰੀਕਾ ਵਿਚ 1840-45 ਦੀਆਂ ਚੋਣਾਂ ਵਿਚ ਕੈਂਨਸਸ ਵਿਚ ਬੰਦੂਕਾਂ ਅਤੇ ਹਥਿਆਰਾਂ ਨਾਲ ਲੋਕਾਂ ਨੂੰ ਵੋਟ ਪਾਉਣ ਤੋਂ ਰੋਕਿਆ ਗਿਆ ਸੀ। ਸੰਨ 2000 ਦੀਆਂ ਚੋਣਾਂ ਵਿਚ ਫਲੋਰੀਡਾ ਵਿਚ ਅਤੇ 2004 ਦੀਆਂ ਚੋਣਾਂ ਵਿਚ ਾਈਓ ਵਿਚ ਲੱਖਾਂ ਹੀ ਵੋਟਰਾਂ ਨੂੰ ਵੋਟ ਪਾਉਣ ਤੋਂ ਰੋਕਿਆ ਗਿਆ ਸੀ। ਹਿੰਦੁਸਤਾਨ ਵਿਚ ਜਦੋਂ ਵੀ ਚੋਣਾਂ ਹੁੰਦੀਆਂ ਹਨ ਇਹ ਸਾਰੀਆਂ ਚੀਜ਼ਾਂ ਸਾਫ਼ ਤੌਰ ਤੇ ਨਜ਼ਰ ਆਉਂਦੀਆਂ ਹਨ। ਲਿਬਰਲ ਡੈਮੋਕ੍ਰੇਸੀ ਵਿਚ ਇਹ ਸਭ ਹਰਬੇ ਲੋਟੂ ਜਮਾਤਾਂ ਲੋਕਾਂ ਦੇ ਖ਼ਿਲਾਫ਼ ਵਰਤਦੀਆਂ ਹਨ। ਜਿੱਥੇ ਜਿੱਥੇ ਵੀ ਇਹ ਲਿਬਰਲ ਡੈਮੋਕ੍ਰੇਸੀ ਹੈ ਉਥੇ ਇਹੋ ਹੀ ਹਾਲ ਹੈ। ਲਿਬਰਲ ਡੈਮੋਕ੍ਰੇਸੀ ਦਾ ਮਤਲਬ ਪੈਸੇ ਅਤੇ ਜ਼ੋਰ ਵਾਲਿਆਂ ਦਾ ਰਾਜ ਹੀ ਹੈ। ਇਸ ਨਿਜ਼ਾਮ ਵਿਚ ਚੋਣ ਲੜਨ ਲਈ ਕਿਸੇ ਵੀ ਉਮੀਦਵਾਰ ਨੂੰ ਲੱਖਾਂ ਕਰੋੜਾਂ ਰੁਪਿਆ ਦੀ ਲੋੜ ਪੈਂਦੀ ਹੈ। ਆਪਣੀਆਂ ਸਿਆਸੀ ਪਾਰਟੀਆਂ ਰਾਹੀਂ ਹਾਕਮ ਜਮਾਤਾਂ ਚੋਣਾਂ ਵਿਚ

ਰਾਜ ਤੰਤਰ ਦਾ ਕਬਜ਼ਾ ਆਪਣੇ ਹੱਥ ਵਿਚ ਰਖਣ ਦਾ ਪੂਰਾ ਪ੍ਰਬੰਧ ਕਰ ਲੈਂਦੀਆਂ ਹਨ। ਚੁਣੇ ਹੋਏ ਉਮੀਦਵਾਰਾਂ ਦੀ ਆਪਣੇ ਹਲਕੇ ਦੇ ਲੋਕਾਂ ਵੱਲ ਕੋਈ ਜ਼ਿੰਮੇਵਾਰੀ ਨਹੀਂ। ਅਗਲੀਆਂ ਚੋਣਾਂ ਤੋਂ ਪਹਿਲਾਂ ਲੋਕ ਉਹਨੂੰ ਲਾਹ ਨਹੀਂ ਸਕਦੇ। ਖੜੇ ਹੋਣ ਵਾਲੇ ਉਮੀਦਵਾਰ ਨੂੰ ਨਾਮਜ਼ਦ ਹਲਕੇ ਦੇ ਲੋਕ ਨਹੀਂ ਕਰਦੇ ਸਿਆਸੀ ਪਾਰਟੀਆਂ ਕਰਦੀਆਂ ਹਨ। ਹਲਕੇ ਦੇ ਐਮ.ਐਲ.ਏ. ਜਾਂ ਐਮ.ਪੀ. ਕਹਿਣ ਨੂੰ ਤਾਂ ਭਾਵੇਂ ਲੋਕਾਂ ਦੇ ਪ੍ਰਤੀਨਿਧ ਹੁੰਦੇ ਹਨ ਪਰ ਲੋਕਾਂ ਨੂੰ ਬਿਲਕੁਲ ਜਵਾਬਦੇਹ ਨਹੀਂ ਹੁੰਦੇ। ਚੋਣਾਂ ਬਾਅਦ ਅਗਲੀਆਂ ਚੋਣਾਂ ਤਾਂਈ ਤਾਂ ਉਹ ਆਪਣੇ ਹਲਕੇ ਵਿਚ ਨਜ਼ਰ ਹੀ ਨਹੀਂ ਆਉਂਦੇ। ਵੋਟ ਪਾਉਣ ਮਗਰੋਂ ਲੋਕਾਂ ਦੀ ਸਾਰੀ ਤਾਕਤ ਉਨ੍ਹਾਂ ਦੇ ਹੱਥੋਂ ਨਿਕਲ ਜਾਂਦੀ ਹੈ। ਲਿਬਰਲ ਡੈਮੋਕ੍ਰੇਸੀ ਅੰਦਰ ਚੋਣ ਦੇ ਸਿਲਸਿਲੇ ਦਾ ਸਾਰਾ ਮੰਤਵ ਲੋਕਾਂ ਕੋਲੋਂ ਤਾਕਤ ਖੋਹਣਾ ਹੀ ਹੈ। ਤਾਕਤ ਕਿਸੇ ਨਾ ਕਿਸੇ ਰਾਜਸੀ ਪਾਰਟੀ ਜਾਂ ਪਾਰਟੀਆਂ ਦੇ ਗੱਠਜੋੜ ਦੇ ਹੱਥ ਚਲੀ ਜਾਂਦੀ ਹੈ ਜਿਹਦੀ ਵਰਤੋਂ ਹਾਕਮ ਜਮਾਤਾਂ ਆਪਣੇ ਮੁਫ਼ਾਦ ਵਾਸਤੇ ਕਰਦੀਆਂ ਹਨ ਤੇ ਲੋਕ ਫੇਰ ਅਗਲੀਆਂ ਚੋਣਾਂ ਤੱਕ ਹੱਥ ਮਲਦੇ ਰਹਿ ਜਾਂਦੇ ਹਨ।

ਲਿਬਰਲ ਡੈਮੋਕ੍ਰੇਸੀ ਦਾ ਹਰ ਕਦਮ ਲੋਕਾਂ ਨੂੰ ਆਪਣੀ ਪ੍ਰਭੁਤਾ ਤੋਂ ਦੂਰ ਰਖਣਾ ਹੈ। ਇਸ ਜਮਹੂਰੀਅਤ ਦੀ ਤਾਰੀਖ਼ ਲੋਕਾਂ ਦੀ ਆਜ਼ਾਦੀ ਦੀ ਕਹਾਣੀ ਨਹੀਂ ਨਹੀਂ ਬਲਕਿ ਉਨ੍ਹਾਂ ਦੀ ਗੁਲਾਮੀ ਦੀ ਦਾਸਤਾਨ ਹੈ। ਇਰਾਕ ਇਸ ਲਿਬਰਲ ਡੈਮੋਕ੍ਰੇਸੀ ਦਾ ਇਕ ਤਾਜ਼ਾ ਨਮੂਨਾ ਹੈ। ਜਾਰਜ ਬੁਸ਼ ਅਤੇ ਟੋਨੀ ਬਲੇਅਰ ਰੌਲਾ ਪਾਉਂਦੇ ਨਹੀਂ ਥੱਕਦੇ ਕਿ ਉਨ੍ਹਾਂ ਨੇ ਇਰਾਕ ਵਿਚ ਡੈਮੋਕ੍ਰੇਸੀ ਕਾਇਮ ਕਰ ਦਿਤੀ ਹੈ ਹਾਲਾਂ ਕਿ ਉਥੇ ਲੱਖਾਂ ਲੋਕਾਂ ਮਾਰੇ ਜਾ ਚੁਕੇ ਹਨ ਤੇ ਸੈਂਕੜੇ ਹੋਰ ਹਰ ਹਫ਼ਤੇ ਮਰ ਰਹੇ ਹਨ। ਇਸੇ ਤਰਾਂ ਹਿੰਦੁਸਤਾਨ ਨੂੰ ਵੀ ਦੁਨੀਆ ਦੀ ਸਭ ਤੋਂ ਵੱਡੀ ਡੈਮੋਕ੍ਰੇਸੀ ਕਿਹਾ ਜਾਂਦਾ ਹੈ ਅਤੇ ਇਸ ਡੈਮੋਕ੍ਰੇਸੀ ਦੀ ਜੋ ਅਸਲੀਅਤ ਹੈ ਉਹ ਸਾਡੇ ਸਾਰਿਆਂ ਦੇ ਸਾਹਮਣੇ ਹੀ ਹੈ। ਆਜ਼ਾਦ ਹਿੰਦੁਸਤਾਨ ਦੇ ਪਹਿਲੇ ਰਾਸ਼ਟਰਪਤੀ ਡਾਕਟਰ ਰਾਜਿੰਦਰ ਪ੍ਰਸ਼ਾਦ ਨੇ 1951 ਵਿਚ ਕਿਹਾ ਸੀ ਕਿ ਪਿਛਲੇ 4 ਸਾਲਾਂ ਵਿਚ ਹਿੰਦੁਸਤਾਨ ਦੀ ਆਜ਼ਾਦ ਸਰਕਾਰ ਨੇ ਲੋਕਾਂ ਉੱਤੇ ਅੰਗਰੇਜ਼ਾਂ ਨਾਲੋਂ ਜ਼ਿਆਦਾ ਵਾਰ ਗੋਲੀ ਚਲਾਈ ਹੈ। ਅਤੇ ਕੌਣ ਨਹੀਂ ਜਾਣਦਾ ਕਿ ਫਿਰਕੂ ਹਿੰਸਾ, ਸਟੇਟ ਦਹਿਸ਼ਤ ਗਰਦੀ ਅਤੇ ਹੋਰ ਹਰ ਤਰ੍ਹਾਂ ਦੇ ਤਸ਼ੱਦਦ ਰਾਹੀਂ ਹਿੰਦੁਸਤਾਨ ਵਿਚ ਹੁਣ ਤੱਕ ਲੱਖਾਂ ਕਰੋੜਾਂ ਲੋਕ ਇਸ ਜਮਹੂਰੀਅਤ ਦੀ ਭੇਂਟ ਚੜ ਚੁਕੇ ਹਨ। ਲਿਬਰਲ ਡੈਮੋਕ੍ਰੇਸੀ ਦਾ ਖ਼ਾਸਾ ਅਤੇ ਅਸਲੀਅਤ ਸ਼ੁਰੂ ਤੋਂ ਹੀ ਐਸੀ ਹੈ। ਲਿਬਰਲ ਡੈਮੋਕ੍ਰੇਸੀ ਦੇ ਰਾਜ ਨੂੰ ਸਰਮਾਏਦਾਰਾਂ, ਜਾਇਦਾਦ ਵਾਲਿਆਂ ਅਤੇ ਜ਼ੋਰ ਵਾਲਿਆਂ ਨੇ ਆਪਣਾ ਰਾਜ ਕਾਇਮ ਕਰਨ ਲਈ ਹੀ ਪੈਦਾ ਅਤੇ ਤਕੜਿਆਂ ਕੀਤਾ ਸੀ। ਇਸ ਦਾ ਹਰ ਅਦਾਰਾ, ਕਾਨੂੰਨ ਅਤੇ ਤਜਵੀਜ਼ ਇਸੇ ਮੰਤਵ ਨੂੰ ਸਾਹਮਣੇ ਰੱਖ ਕੇ ਤਿਆਰ ਕੀਤਾ ਗਿਆ ਸੀ ਕਿ ਆਮ ਲੋਕਾਂ ਨੂੰ ਕਿਵੇਂ ਖੁੱਡੇ ਲਾਈ ਰਖਣਾ ਹੈ। ਉਨ੍ਹਾਂ ਦੀ ਆਜ਼ਾਦੀ ਦਾ ਸੁਪਨਾ ਪੂਰਾ ਨਾ ਹੋਣ ਦੇਣਾ ਅਤੇ ਉਨ੍ਹਾਂ ਦੇ ਕੁਦਰਤੀ ਸੋਮਿਆਂ ਅਤੇ ਮਿਹਨਤ ਦੀ ਕਮਾਈ ਦੀ ਰੱਜ ਕੇ ਲੁਟ ਕਰਨਾ ਇਸ ਜਮਹੂਰੀਅਤ ਦਾ ਮਕਸਦ ਹੈ। ਜੇ ਕਰ ਇਹ ਮੰਤਵ ਡੈਮੋਕ੍ਰੇਸੀ ਨਾਲ ਪੂਰਾ ਹੋਈ ਜਾਵੇ ਤਾਂ ਵੀ ਠੀਕ ਹੈ। ਜੇ ਕਦੇ ਲੋਕਾਂ ਦੀ ਜੱਦੋ-ਜਹਿਦ ਤੋਂ ਜਾਂ ਹਾਕਮ ਜਮਾਤਾਂ ਦੀ ਆਪਸੀ ਲੜਾਈ ਸਦਕਾ ਕਿਸੇ ਵੇਲੇ ਇਸ ਨਿਜ਼ਾਮ ਨੂੰ ਖ਼ਤਰਾ ਮਹਿਸੂਸ ਹੋਵੇ ਤਾਂ ਆਪਣਾ ਰਾਜ ਬਰਕਰਾਰ ਰਖਣ ਲਈ ਇਹ ਨੰਗੀ ਤਾਨਾਸ਼ਾਹੀ ਅਤੇ ਫ਼ਾਸ਼ੀਵਾਦ ਦਾ ਸਹਾਰਾ ਵੀ ਲੈ ਲੈਂਦੇ ਹਨ।

ਪਰਜਾ ਰਾਜ ਕੀ ਹੈ? ਪਰਜਾ ਦਾ ਮਤਲਬ ਹੈ ਕਿਸੇ ਇਲਾਕੇ ਦੇ ਰਹਿਣ ਵਾਲੇ ਤਮਾਮ ਲੋਕ। ਪਰਜਾ ਰਾਜ ਦਾ ਮਤਲਬ ਹੈ ਉਹ ਰਾਜ ਜਿਸ ਵਿਚ ਇਲਾਕੇ ਦੀ ਸਾਰੀ ਪਰਜਾ ਆਪ ਰਾਜ ਕਰਦੀ ਹੋਵੇ ਭਾਵ ਸਮੁੱਚੀ ਪਰਜਾ ਰਾਜ ਚਲਾਉਣ ਦੇ ਕੰਮ ਵਿਚ ਸ਼ਰੀਕ ਹੋਵੇ। ਜੇਕਰ ਰਾਜ ਪਰਜਾ ਦੇ ਕਿਸੇ ਖ਼ਾਸ ਹਿੱਸੇ ਜਾਂ ਸਮੂਹ ਦੇ ਹੀ ਹੱਥ ਵਿਚ ਹੋਵੇ ਤਾਂ ਉਹ ਸਾਰੀ ਪਰਜਾ ਦਾ ਰਾਜ ਨਹੀਂ ਹੋ ਸਕਦਾ। ਸਿਰਫ਼ ਕਿਸੇ ਸਮੂਹ ਨੂੰ, ਸਿਆਸੀ ਪਾਰਟੀ ਨੂੰ ਜਾਂ ਜਮਾਤ ਨੂੰ ਤਾਕਤ ਵਿਚ ਲਿਆ ਕੇ ਸਾਰੀ ਹੀ ਪਰਜਾ ਦੇ ਸੁਖ ਅਤੇ ਰਖਿਆ ਦੀ ਜ਼ਾਮਨੀ ਨਹੀਂ ਦਿਤੀ ਸਕਦੀ। ਸਾਰੀ ਪਰਜਾ ਦੇ ਸੁਖ, ਖੁਸ਼ਹਾਲੀ ਅਤੇ ਰਾਖੀ ਦਾ ਕੰਮ ਤਦ ਹੀ ਮੁਮਕਿਨ ਹੋ ਸਕਦਾ ਹੈ ਜੇ ਸਾਰੀ ਹੀ ਪਰਜਾ ਆਪ ਹਾਕਮ ਬਣੇ ਅਤੇ ਆਪਣੀ ਪ੍ਰਭੁਤਾ ਆਪਣੇ ਹੱਥ ਵਿਚ ਰੱਖ ਕੇ ਸਾਰੇ ਫੈਸਲੇ ਆਪ ਲਵੇ।

ਪਰਜਾ ਰਾਜ ਸਥਾਪਤ ਕਰਨ ਲਈ ਇਕ ਜ਼ਰੂਰੀ ਗੱਲ ਇਹ ਹੈ ਕਿ ਸਾਰੇ ਕੁਦਰਤੀ ਸੋਮੇ ਅਤੇ ਹੋਰ ਸਾਧਨ ਤੇ ਵਸੀਲੇ ਪਰਜਾ ਦੇ ਹੱਥ ਵਿਚ ਹੋਣ ਅਤੇ ਇਨ੍ਹਾਂ ਸਾਰੇ ਕੁਦਰਤੀ ਸੋਮਿਆਂ ਦੀ ਵਰਤੋਂ ਬਾਰੇ ਸਾਰੇ ਫੈਸਲੇ ਸਾਰੀ ਪਰਜਾ ਆਪ ਕਰੇ। ਇਨ੍ਹਾਂ ਸੋਮਿਆਂ ਅਤੇ ਸਾਧਨਾਂ ਬਾਰੇ ਆਖਰੀ ਫੈਸਲਾ ਪਰਜਾ ਦੇ ਹੱਥ ਵਿਚ ਹੋਵੇ ਅਤੇ ਕੋਈ ਅਦਾਰਾ, ਸਮੂਹ ਜਾਂ ਸਰਕਾਰ ਪਰਜਾ ਦੇ ਪ੍ਰਭੁਤਾ ਦੇ ਹੱਕ ਨੂੰ ਹਥਿਆ ਅਤੇ ਨਕਾਰ ਨਾ ਸਕੇ। ਇਸ ਬੁਨਿਆਦੀ ਹੱਕ ਬਗੈਰ ਪਰਜਾ ਰਾਜ ਦਾ ਕੋਈ ਮਤਲਬ ਨਹੀਂ ਹੋ ਸਕਦਾ। ਇਸ ਹੱਕ ਦਾ ਮਤਲਬ ਹੈ ਪਰਜਾ ਵਲੋਂ ਆਪਣੀ ਕਿਸਮਤ ਦੇ ਫੈਸਲੇ ਆਪਣੇ ਹੱਥ ਵਿਚ ਲੈਣਾ। ਕੁਦਰਤੀ ਸੋਮਿਆਂ ਬਾਰੇ ਆਖਰੀ ਫੈਸਲੇ ਕਰਨ ਦੇ ਪਰਜਾ ਦੇ ਹੱਕ ਦੀ ਗੈਰਹਾਜ਼ਰੀ ਵਿਚ ਪਰਜਾ ਰਾਜ ਦੀ ਕੋਈ ਅਸਲੀਅਤ ਨਹੀਂ। ਇਹ ਸਿਰਫ਼ ਇਕ ਰਸਮੀ ਗੱਲ ਹੈ। ਕੁਦਰਤੀ ਸੋਮਿਆਂ ਬਾਰੇ ਫੈਸਲੇ ਕਿਸੇ ਖ਼ਾਸ ਅਦਾਰੇ, ਵਰਗ ਜਾਂ ਸਰਕਾਰ ਦੇ ਹੱਥਾਂ ਵਿਚ ਕਿਉਂ ਦਿਤੇ ਜਾਣ ਜਦ ਕਿ ਸਾਰਾ ਇਲਾਕਾ ਅਤੇ ਇਲਾਕੇ ਦੇ ਤਮਾਮ ਲੋਕ, ਸਾਰੀ ਪਰਜਾ ਇਨ੍ਹਾਂ ਸੋਮਿਆਂ ਤੇ ਨਿਰਭਰ ਕਰਦੀ ਹੈ? ਇਹ ਫੈਸਲੇ ਸਾਰੀ ਪਰਜਾ ਦੇ ਹੱਥ ਵਿਚ ਕਿਉਂ ਨਾ ਹੋਣ? ਜੇ ਲੋਕਾਂ ਨੇ ਆਪਣੀ ਕਿਸਮਤ ਦੇ ਫੈਸਲੇ ਆਪ ਕਰਨੇ ਹਨ ਤਾਂ ਆਪਣੇ ਪਿੰਡ, ਸ਼ਹਿਰ ਅਤੇ ਇਲਾਕੇ ਦੇ ਕੁਦਰਤੀ ਸੋਮਿਆਂ ਬਾਰੇ ਸਾਰੇ ਫੈਸਲੇ ਕਰਨ ਦਾ ਹੱਕ ਵੀ ਆਪਣੇ ਹੱਥ ਲੈਣ ਲੋੜ ਹੈ। ਇਹ ਫੈਸਲੇ ਉਨ੍ਹਾਂ ਦੀ ਜ਼ਿੰਦਗੀ ਅਤੇ ਮੌਤ ਦੇ ਫੈਸਲੇ ਹਨ। ਇਨ੍ਹਾਂ ਬਾਰੇ ਸਾਰੇ ਇੰਤਜ਼ਾਮ ਅਤੇ ਬੰਦੋਬਸਤ ਪਰਜਾ ਆਪ ਹੀ ਕਰੇ ਤਾਂ ਹੀ ਉਹ ਸੁਖੀ ਹੋ ਸਕਦੀ ਹੈ ਅਤੇ ਆਜ਼ਾਦ ਰਹਿ ਸਕਦੀ ਹੈ।

ਪਰਜਾ ਰਾਜ ਵਿਚ ਹੀ ਕੇਂਦਰੀ ਅਤੇ ਰਾਜ ਸਰਕਾਰ ਇਸ ਗੱਲ ਦੀ ਜ਼ਾਮਨੀ ਦੇਵੇਗੀ ਕਿ ਲੋੜੀਂਦਾ ਵਸਤਾਂ ਅਤੇ ਸੇਵਾਵਾਂ ਲੋਕਾਂ ਨੂੰ ਮਿਲਦੀਆਂ ਹਨ। ਕੇਂਦਰੀ ਸਰਕਾਰ ਇਲਾਕੇ ਦੀਆਂ ਸਾਰੀਆਂ ਖੁਦਮੁਖ਼ਤਾਰ ਕੌਮਾਂ, ਕੌਮੀਅਤਾਂ ਅਤੇ ਕਬੀਲਿਆਂ ਦੀ ਮਰਜ਼ੀ ਨਾਲ ਬਣੀ ਹੋਈ ਸਰਕਾਰ ਹੋਵਗੀ ਜਿਸ ਕੋਲ ਸਿਰਫ਼ ਕੁਝ ਹੀ ਤਾਕਤਾਂ ਹੋਣਗੀਆਂ ਜਿਹੜੀਆਂ ਕਿ ਖੁਦਮੁਖ਼ਤਾਰ ਲੋਕਾਂ ਨੇ ਆਪਣੀ ਮਰਜ਼ੀ ਨਾਲ, ਆਪਣੀ ਸਹਿਮਤੀ ਨਾਲ ਇਸ ਨੂੰ ਦਿੱਤੀਆਂ ਹੋਣਗੀਆਂ। ਮੁਲਕ ਦੀ ਰਾਖੀ, ਦੂਸਰੇ ਮੁਲਕਾਂ ਨਾਲ ਸੰਬੰਧ, ਸੰਚਾਰ ਆਦਿ ਚੀਜ਼ਾਂ ਕੇਂਦਰੀ ਸਰਕਾਰ ਦੀ ਜ਼ੁੰਮੇਵਾਰੀ ਵਿਚ ਹੋ ਸਕਣਗੇ ਪਰ ਇਹ ਫੈਸਲੇ ਪਰਜਾ ਹੀ ਕਰੇਗੀ। ਇਨ੍ਹਾਂ ਸਾਰੀਆਂ ਗੱਲਾਂ ਬਾਰੇ ਆਖਰੀ ਫੈਸਲੇ ਪਰਜਾ

ਕਰੇਗੀ ਅਤੇ ਸਰਕਾਰ ਦਾ ਕੰਮ ਪਰਜਾ ਦੇ ਫੈਸਲਿਆਂ ਨੂੰ ਅਮਲ ਵਿਚ ਲੈ ਕੇ ਆਉਣਾ ਹੀ ਹੋਵੇਗਾ। ਪਰਜਾ ਸਾਰੇ ਫੈਸਲੇ ਆਪ ਕਰੇਗੀ ਅਤੇ ਰਾਜ ਤੰਤਰ ਦੇ ਸਾਰੇ ਅੰਗ ਉਸ ਨੂੰ ਜਵਾਬਦੇਹ ਹੋਣਗੇ।

ਇਸ ਕੰਮ ਦੀ ਸ਼ੁਰੂਆਤ ਲਈ ਮੌਜੂਦਾ ਸਿਆਸੀ ਪ੍ਰਣਾਲਿ ਵਿਚ ਬੁਨਿਆਦੀ ਸੁਧਾਰ ਦੀ ਲੋੜ ਹੈ। ਪਹਿਲਾ ਸੁਧਾਰ ਇਹ ਹੈ ਕਿ ਲੋਕ ਆਪਣੇ ਨੁਮਾਇੰਦੇ ਆਪ ਨਾਮਜ਼ਦ ਕਰਨ ਅਤੇ ਚੁਣਨ। ਸਿਆਸੀ ਪਾਰਟੀਆਂ ਨੂੰ ਕੋਈ ਹੱਕ ਨਹੀਂ ਹੋਣਾ ਚਾਹੀਦਾ ਉਮੀਦਵਾਰ ਨਾਮਜ਼ਦ ਕਰਨ ਦਾ। ਐਸ ਵੇਲੇ ਦੀਆਂ ਸਾਰੀਆਂ ਰਾਜਸੀ ਪਾਰਟੀਆਂ ਦਾ ਇਕੋ ਇਕ ਮੰਤਵ ਆਪ ਤਾਕਤ ਵਿਚ ਆਉਣਾ ਅਤੇ ਹਾਕਮ ਜਮਾਤ ਦੇ ਮੁਫ਼ਾਦ ਲਈ ਮੌਜੂਦਾ ਨਿਜ਼ਾਮ ਨੂੰ ਚਲਾਉਣਾ ਹੈ। ਇਸ ਵਾਸਤੇ ਉਹ ਐਸੇ ਉਮੀਦਵਾਰਾਂ ਨੂੰ ਖੜੇ ਕਰਦੀਆਂ ਹਨ ਜੋ ਉਨ੍ਹਾਂ ਦੀ ਹਾਈ ਕਮਾਂਡ ਦੇ ਹੁਕਮ ਅਨੁਸਾਰ ਚਲਦੇ ਹਨ। ਸਿਆਸੀ ਪਾਰਟੀਆਂ ਦਾ ਕਾਰਜ-ਖੇਤਰ ਸਿਰਫ਼ ਇਹ ਹੋਣਾ ਚਾਹੀਦਾ ਹੈ ਕਿ ਉਹ ਲੋਕਾਂ ਨੂੰ ਇਹ ਸੂਝ ਅਤੇ ਸੇਧ ਦੇਣ ਕਿ ਪਰਜਾ ਰਾਜ ਨੂੰ ਅਮਲੀ ਜਾਮਾ ਕਿਵੇਂ ਦਿਤਾ ਜਾ ਸਕਦਾ ਹੈ। ਉਮੀਦਵਾਰਾਂ ਨੂੰ ਲੋਕ ਆਪਣੇ ਵਿਚੋਂ ਚੁਣ ਕੇ ਆਪ ਪੇਸ਼ ਕਰਨ ਅਤੇ ਫਿਰ ਨੁਮਾਇੰਦੇ ਦੀ ਚੋਣ ਹੋਵੇ। ਇਹ ਨੁਮਾਇੰਦੇ ਆਪਣੇ ਹਲਕੇ ਦੇ ਲੋਕਾਂ ਦੀ ਮਰਜ਼ੀ ਮੁਤਾਬਿਕ ਹੀ ਗੱਲ ਕਰਨ ਅਤੇ ਹਲਕੇ ਦੇ ਲੋਕਾਂ ਨੂੰ ਜਵਾਬਦੇਹ ਹੋਣ ਨਾ ਕਿ ਕਿਸੇ ਪਾਰਟੀ ਜਾਂ ਪਾਰਟੀ ਦੀ ਹਾਈ ਕਮਾਂਡ ਨੂੰ। ਚੁਣਿਆਂ ਗਿਆ ਕੋਈ ਨੁਮਾਇੰਦਾ ਜੇ ਕਰ ਲੋਕਾਂ ਦੇ ਕਹੇ ਦੀ ਪੈਰਵੀ ਨਾ ਕਰੇ ਤਾਂ ਲੋਕ ਜਦੋਂ ਵੀ ਚਾਹੁਣ ਲਾਹ ਦੇਣ ਅਤੇ ਅਗਲੀਆਂ ਚੋਣਾਂ ਤੱਕ ਉਡੀਕਣ ਦੀ ਕੋਈ ਲੋੜ ਨਾ ਹੋਵੇ। ਇਸ ਤਰ੍ਹਾਂ ਨੁਮਾਇੰਦੇ ਲੋਕਾਂ ਦੀ ਤਾਕਤ ਦੇ ਅਧੀਨ ਰਹਿਣਗੇ, ਲੋਕਾਂ ਦੀ ਗੱਲ ਸੁਣਨਗੇ।

ਅੱਜ ਕਲ ਬਜਟ ਦਾ 70% ਤੋਂ ਵੀ ਵੱਧ ਹਿੱਸਾ ਸੂਦਖ਼ੋਰਾਂ ਨੂੰ ਦੇ ਦਿਤਾ ਜਾਂਦਾ ਹੈ ਅਤੇ ਕਿਹਾ ਜਾਂਦਾ ਹੈ ਕਿ ਲੋਕਾਂ ਨੂੰ ਲੋੜੀਂਦਾ ਸੇਵਾਵਾਂ ਦੇਣ ਲਈ ਪੈਸਾ ਹੈ ਨਹੀਂ। ਜੇ ਲੋਕ ਖ਼ੁਦ ਬਜਟ ਬਣਾਉਣ ਅਤੇ ਪਾਸ ਕਰਨ ਦੀ ਤਾਕਤ ਰਖਦੇ ਹੋਣ ਤਾਂ ਇਹੋ ਜਿਹੀ ਬਾਂਦਰ ਵੰਡ ਨਹੀਂ ਹੋ ਸਕਦੀ। ਹਰ ਸਾਲ ਲੋਕ ਆਪ ਫੈਸਲਾ ਕਰਨ ਕਿ ਕਿਹੜੇ ਕੰਮ ਲਈ ਕਿੰਨਾਂ ਪੈਸਾ ਖ਼ਰਚ ਕਰਨ ਦੀ ਲੋੜ ਹੈ ਅਤੇ ਇਹ ਪੈਸਾ ਕਿੱਥੋਂ ਆਏਗਾ। ਆਖ਼ਰਕਾਰ, ਲੋਕ ਹੀ ਆਪਣੀ ਮਿਹਨਤ ਅਤੇ ਕੁਦਰਤੀ ਸੋਮਿਆਂ ਨਾਲ ਖੇਤਾਂ, ਫੈਕਟਰੀਆਂ, ਖਾਨਾਂ ਅਤੇ ਮਿਲਾਂ ਵਿਚ ਸਾਰੀ ਦੌਲਤ ਪੈਦਾ ਕਰਦੇ ਹਨ। ਜੇ ਉਹ ਸਾਰੀ ਦੌਲਤ ਪੈਦਾ ਕਰ ਸਕਦੇ ਹਨ ਤਾਂ ਉਹ ਇਹ ਫੈਸਲੇ ਵੀ ਕਰ ਸਕਦੇ ਹਨ ਕਿ ਉਨ੍ਹਾਂ ਦੀ ਪੈਦਾ ਕੀਤੀ ਹੋਈ ਦੌਲਤ ਕਿਸ ਤਰ੍ਹਾਂ ਖਰਚ ਹੋਣੀ ਚਾਹੀਦੀ ਹੈ। ਉਹ ਇਹ ਫੈਸਲੇ ਕਰਨ ਦੇ ਬਿਲਕੁਲ ਕਾਬਲ ਹਨ। ਆਪਣੀ ਬੁੱਧੀ ਅਤੇ ਸ਼ਕਤੀ ਨਾਲ ਪੈਦਾ ਕੀਤੀ ਹੋਈ ਦੌਲਤ ਬਾਰੇ ਪਰਜਾ ਫੈਸਲੇ ਕਰਨ ਦੇ ਕਾਬਲ ਹੈ ਅਤੇ ਕਰ ਸਕਦੀ ਹੈ। ਇਹ ਕੀਤਾ ਜਾ ਸਕਦਾ ਹੈ ਕਿ ਉਪਰਲੇ ਤਰੀਕੇ ਨਾਲ ਚੁਣੇ ਹੋਏ ਨੁਮਾਇੰਦਿਆਂ ਦੀ ਸਰਕਾਰ ਸਾਰੀ ਪਰਜਾ ਦੀ ਸਲਾਹ ਅਤੇ ਤਜਵੀਜ਼ਾਂ ਲੈ ਕੇ ਸਾਲਾਨਾ ਬਜਟ ਤਿਆਰ ਕਰੇ ਅਤੇ ਲੋਕਾਂ ਦੇ ਸਾਹਮਣੇ ਪੇਸ਼ ਕਰੇ। ਇਸ ਬਜਟ ਨੂੰ ਪਾਸ ਜਾਂ ਰੱਦ ਕਰਨ ਦੀ ਆਖ਼ਰੀ ਤਾਕਤ ਲੋਕਾਂ ਦੇ ਹੱਥ ਹੋਵੇ। ਇਸ ਤਰਾਂ ਬਜਟ ਬਣਾਉਣ ਅਤੇ ਉਸ ਨੂੰ ਪਾਸ ਕਰਨ ਨਾਲ ਪਰਜਾ ਇਨ੍ਹਾਂ ਗੱਲਾਂ ਬਾਰੇ ਸਿੱਧੇ ਤੌਰ ਤੇ ਫੈਸਲੇ ਕਰ ਸਕਦੀ ਹੈ। ਇਹ ਕੋਈ ਮੁਸ਼ਕਲ ਗੱਲ ਨਹੀਂ।

ਹਿੰਦੁਸਤਾਨ ਦਾ ਸੰਵਿਧਾਨ ਕਹਿੰਦਾ ਤਾਂ ਇਹ ਹੈ ਕਿ ਪਰਜਾ ਹੀ ਸਰਬ-ਉਚ ਸ਼ਕਤੀ ਹੈ ਤੇ ਹਿੰਦੁਸਤਾਨੀ ਰਾਜ ਤੰਤਰ ਪਰਜਾ ਕੋਲੋਂ ਹੀ ਪ੍ਰਭੁਸੱਤਾ ਲੈਂਦਾ ਹੈ। ਪਰ ਹਕੀਕਤ ਵਿਚ ਅਤੇ ਅਮਲ ਵਿਚ ਪਰਜਾ ਦੇ ਹੱਥ ਵਿਚ ਕੁਝ ਵੀ ਨਹੀਂ। ਸਾਰੇ ਫੈਸਲੇ ਦਿੱਲੀ, ਚੰਡੀਗੜ੍ਹ ਜਾਂ ਮੰਡੀ ਦੇ ਹੱਥ ਵਿਚ ਹਨ। ਸਾਰੇ ਫੈਸਲੇ ਇਕ ਖ਼ਾਸ ਜਮਾਤ ਅਤੇ ਸਮੂਹ ਦੇ ਹੱਥ ਵਿਚ ਹਨ ਜੋ ਕਿ ਆਪਣੇ ਮੁਫ਼ਾਦ ਲਈ ਹੀ ਕੁਦਰਤੀ ਅਤੇ ਮਨੁੱਖੀ ਸੋਮਿਆਂ ਨੂੰ ਵਰਤਦੇ ਹਨ। ਲਿਬਰਲ ਡੈਮੋਕ੍ਰੇਸੀ ਦਾ ਇਹ ਹੀ ਖ਼ਾਸਾ ਅਤੇ ਸਿਫ਼ਤ ਹੈ। ਇਹ ਤਾਕਤ ਇਕ ਖ਼ਾਸ ਵਰਗ ਅਤੇ ਸਮੂਹ ਦੇ ਹੱਥ ਵਿਚ ਦਿੰਦੀ ਹੈ ਜਿਸ ਨਾਲ ਸਮਾਜ ਦੇ ਸਾਰੇ ਹੀ ਮਨੁੱਖੀ ਅਤੇ ਕੁਦਰਤੀ ਵਸੀਲੇ ਉਹ ਆਪਣੇ ਹੱਥ ਵਿਚ ਕਰ ਲੈਂਦੇ ਹਨ। ਅੰਗਰੇਜ਼ਾਂ ਅਤੇ ਉਨ੍ਹਾਂ ਦੇ ਝੋਲੀਚੁਕਾਂ ਨੂੰ ਲਿਬਰਲ ਡੈਮੋਕ੍ਰੇਸੀ ਰਾਸ ਆਉਂਦੀ ਸੀ ਅਤੇ ਹੁਣ ਵੀ ਰਾਸ ਹੈ। ਅੱਜ ਵੀ ਅਮਰੀਕਨ ਸਾਮਰਾਜ ਇਹੋ ਜਿਹੀ ਲਿਬਰਲ ਡੈਮੋਕ੍ਰੇਸੀ ਹਰ ਥਾਂ ਕਾਇਮ ਕਰਨ ਲਈ ਲੋਕਾਂ ਤੇ ਹਰ ਥਾਂ ਵੱਡਾ ਦਬਾਅ ਪਾ ਰਿਹਾ ਹੈ। ਪਰ ਲਿਬਰਲ ਡੈਮੋਕ੍ਰੇਸੀ ਲੋਕਾਂ ਦੀਆਂ ਲੋੜਾਂ ਅਤੇ ਤਾਂਘਾਂ ਨੂੰ ਪੂਰਾ ਨਹੀਂ ਕਰ ਸਕਦੀ। ਇਸ ਦਾ ਖਾਸਾ ਲੋਕਾਂ ਦੀਆਂ ਲੋੜਾਂ ਪੂਰੀਆਂ ਕਰਨਾ ਨਹੀਂ ਅਤੇ ਨਾਂ ਹੀ ਉਨ੍ਹਾਂ ਨੂੰ ਹਾਕਮ ਬਣਾਉਣਾ ਹੈ। ਪਿਛਲੇ ਪੰਜ ਸੌ ਸਾਲ ਦਾ ਤਜਰਬਾ ਦੱਸਦਾ ਹੈ ਕਿ ਇਹ ਲੋਕਾਂ ਦੀਆਂ ਸੱਧਰਾਂ ਅਤੇ ਤਾਂਘਾਂ ਦੇ ਉਲਟ ਹੈ। ਲਿਬਰਲ ਡੈਮੋਕ੍ਰੇਸੀ ਵਿਅਕਤੀ ਅਤੇ ਸਮਾਜ ਵਿਚ ਦੁਸ਼ਮਣੀ ਕਾਇਮ ਕਰਦੀ ਹੈ। ਵਿਅਕਤੀ, ਕੁਲ ਅਤੇ ਸਮਾਜ ਵਿਚ ਹਿੰਸਾ ਦਾ ਬੀ ਬੀਜਦੀ ਹੈ। ਇਹ ਮਨੁੱਖ ਅਤੇ ਕੁਦਰਤ ਵਿਚ ਵਿਰੋਧ ਪੈਦਾ ਕਰਦੀ ਹੈ। ਇਹ ਲੋਟੂਆਂ ਅਤੇ ਬਸਤੀ ਵਾਦੀਆਂ ਦੀ ਉਪਜ ਹੈ ਅਤੇ ਉਨ੍ਹਾਂ ਦੇ ਹਿਤ ਪੂਰੇ ਕਰਦੀ ਹੈ।

ਅੱਜ ਦੇ ਸਮੇਂ ਦੀ ਲੋੜ ਲਿਬਰਲ ਡੈਮੋਕ੍ਰੇਸੀ ਨਹੀਂ ਪਰਜਾ ਰਾਜ ਹੈ। ਸਾਰੇ ਜ਼ਾਹਰ ਅਤੇ ਬਾਤਨ, ਰੂਹਾਨੀ ਅਤੇ ਪਦਾਰਥਕ ਹਾਲਾਤ ਇਸ ਲੋੜ ਵੱਲ ਇਸ਼ਾਰਾ ਕਰ ਰਹੇ ਹਨ। ਪਰਜਾ ਰਾਜ ਦੀ ਸਥਾਪਨਾ ਅੱਜ ਦੀ ਤਾਰੀਖ਼ੀ ਲੋੜ ਹੈ ਅਤੇ ਲੋਕਾਂ ਦੀ ਭੁੱਖ ਅਤੇ ਗੁਰਬਤ ਤੋਂ ਆਜ਼ਾਦੀ ਦੀ ਪੌੜੀ ਦਾ ਪਹਿਲਾ ਡੰਡਾ ਹੈ। ਪਰਜਾ ਰਾਜ ਸਾਰੀ ਹੀ ਪਰਜਾ ਦਾ ਰਾਜ ਹੈ ਕਿਸੇ ਇਕ ਖ਼ਾਸ ਸਮੂਹ ਜਾਂ ਜਮਾਤ ਦਾ ਨਹੀਂ ਅਤੇ ਇਹ ਤਮਾਮ ਸਮਾਜ ਅਤੇ ਵਿਅਕਤੀ ਦੇ ਆਪਸੀ ਹਿਤਾਂ ਨੂੰ ਇਕਸਾਰ ਅਤੇ ਸੁਰਮੇਲ ਕਰਨ ਦੀ ਸਮਰੱਥਾ ਰੱਖਦਾ ਹੈ। ਇਸ ਲਈ ਇਕ ਜ਼ਰੂਰੀ ਕਦਮ ਹੈ। ਇਸ ਰਾਹੀਂ ਹੀ ਮਨੁਖ ਤੋਂ ਮਨੁਖ ਦੀ ਲੁਟ ਖ਼ਤਮ ਹੋ ਸਕਦੀ ਹੈ। ਸਮਾਜ ਅਤੇ ਵਿਅਕਤੀ ਦੀ ਪ੍ਰਫੁੱਲਤਾ ਲਈ ਪਰਜਾ ਰਾਜ ਜ਼ਰੂਰੀ ਕਦਮ ਹੈ।

ਸਾਰੇ ਹੀ ਦੇਸ਼ ਭਗਤਾਂ, ਰੌਸ਼ਨ ਖਿਆਲ ਲੋਕਾਂ, ਮਿਹਨਤਕਸ਼ਾਂ ਅਤੇ ਦਬੇ ਕੁਚਲੇ ਲੋਕਾਂ ਨੂੰ ਇਸ ਬਾਰੇ ਵਿਚਾਰ ਵਟਾਂਦਰਾ ਕਰਨ ਦੀ ਲੋੜ ਹੈ। ਪਰਜਾ ਰਾਜ ਹੀ ਉਨ੍ਹਾਂ ਦੇ ਹੱਕਾਂ ਦੀ ਰਾਖੀ ਦਾ ਰਾਹ ਹੈ। ਪਰਜਾ ਰਾਜ ਹੀ ਸਰਬੱਤ ਦੇ ਭਲੇ ਦਾ ਰਾਹ ਹੈ। ਸਾਡੇ ਵਿਰਸੇ ਅਤੇ ਸਿਆਸੀ ਸਿਧਾਂਤ ਮੁਤਾਬਿਕ ਪਰਜਾ ਰਾਜ ਦੀ ਸਥਾਪਨਾ ਲਈ ਬੁੱਧੀ-ਬਲ ਸਾਰਿਆਂ ਨਾਲੋਂ ਜ਼ਰੂਰੀ ਹੈ। ਇਸ ਬੁੱਧੀ-ਬਲ ਜਾਂ ਸਿਆਣਪ

ਨਾਲ ਅਸੀਂ ਸਾਮ, ਅਰਥ, ਭੇਦ ਅਤੇ ਡੰਡਾ, ਇਨ੍ਹਾਂ ਚਾਰਾਂ ਤਰੀਕਿਆਂ ਅਤੇ ਹੋਰਨਾਂ ਤਰੀਕਿਆਂ ਨੂੰ ਦੇਸ਼ ਕਾਲ ਮੁਤਾਬਿਕ ਵਰਤ ਕੇ ਪਰਜਾ ਰਾਜ ਕਾਇਮ ਕਰ ਸਕਦੇ ਹਾਂ। ਜਿਸ ਵਿਚ ਵਿਅਕਤੀ, ਸਮੂਹ, ਅਤੇ ਸਮਾਜ ਦੇ ਹਿਤਾਂ ਵਿਚ ਇਕਸਾਰਤਾ ਅਤੇ ਸੁਰਮੇਲ ਕਾਇਮ ਹੋ ਸਕਦਅ ਹੈ ਅਤੇ ਜ਼ਰੂਰੀ ਹੈ। ਲਿਬਰਲ ਡੈਮੋਕ੍ਰੇਸੀ ਸਾਮਰਾਜ ਅਤੇ ਲੋਟੂ ਜਮਾਤਾਂ ਦਾ ਹੱਥ-ਠੋਕਾ ਹੈ। ਇਹ ਲੋਕਾਂ ਨੂੰ ਗੁਲਾਮ ਬਣਾਈ ਰਖਣ ਦਾ ਇਕ ਵਸੀਲਾ  ਹੈ। ਲੋਕਾਂ ਨੂੰ ਲਿਬਰਲ ਡੈਮੋਕ੍ਰੇਸੀ ਦੇ ਨੁਮਾਇੰਦਾ ਰਾਜ ਦੀ ਨਹੀਂ ਬਲਕਿ ਪਰਜਾ ਰਾਜ ਦੀ ਲੋੜ ਹੈ ਜਿਸ ਵਿਚ ਉਹ ਆਪਣੀ ਕਿਸਮਤ ਦੇ ਫੈਸਲੇ ਆਪ ਕਰ ਸਕਣ। ਆਪਣੇ ਕੁਦਰਤੀ ਸੋਮਿਆਂ ਬਾਰੇ, ਆਪਣੀ ਮਿਹਨਤ ਨਾਲ ਪੈਦਾ ਕੀਤੀ ਦੌਲਤ ਬਾਰੇ, ਅਤੇ ਹੋਰ ਮਸਲਿਆਂ ਦੇ ਹੱਲ ਲਈ, ਉਹ ਸਾਰੇ ਫੈਸਲੇ ਆਪ ਕਰ ਸਕਣ। ਇਹ ਕੁਝ ਕੀਤਾ ਜਾ ਸਕਦਾ ਹੈ ਅਤੇ ਇਸ ਦੀ ਹੀ ਲੋੜ ਹੈ। ਪਰਜਾ ਰਾਜ ਦਾ ਮਤਲਬ ਲੋਕਾਂ ਦਾ ਸਿੱਧਾ ਆਪਣਾ ਰਾਜ ਹੈ ਜਿਸ ਵਿਚ ਪਰਜਾ ਆਪਣੀ ਪ੍ਰਭੁਤਾ ਕਿਸੇ ਨੂੰ ਨਹੀਂ ਦੇਵੇਗੀ ਬਲਕਿ ਆਪ ਹੀ ਇਸ ਤਾਕਤ ਨੂੰ ਵਰਤ ਕੇ ਆਪਣੇ ਮਸਲੇ ਹੱਲ ਕਰ ਸਕਦੀ ਹੈ। ਸਾਰੇ ਰੌਸ਼ਨ ਖਿਆਲ, ਆਜ਼ਾਦੀ ਪਸੰਦ, ਦਬੇ ਕੁਚਲੇ ਅਤੇ ਮਿਹਨਤਕਸ਼ ਲੋਕਾਂ ਨੂੰ ਪਰਜਾ ਰਾਜ ਦੀ ਉਸਾਰੀ ਲਈ ਇਕ ਮੁੱਠ ਹੋਕੇ ਘੋਲ ਚਲਾਉਣ ਦੀ ਲੋੜ ਹੈ।